# ਦਫ਼ਤਰ ਡਿਪਟੀ ਕਮਿਸ਼ਨਰ, ਬਰਨਾਲਾ।

(ਐਮ.ਏ. ਸ਼ਾਖਾ)

ਹੁਕਮ ਨੰ:178.....ਐਮ.ਏ.

ਮਿਤੀ....26/03../2020

ਕੋਵਿਡ-19 ਦੇ ਵਧ ਰਹੇ ਪ੍ਰਭਾਵ ਕਾਰਨ ਜਿਲ੍ਹਾ ਬਰਨਾਲਾ ਦੀਆਂ ਸੀਮਾਵਾਂ ਅੰਦਰ ਕਰਫਿਊ ਲਗਾਇਆ ਗਿਆ ਹੈ। ਜਿਸ ਕਾਰਨ ਆਮ ਪਬਲਿਕ ਨੂੰ ਖਾਣ ਪੀਣ ਦੀਆਂ ਵਸਤੂਆਂ/ਮੈਡੀਕਲ ਸਹੂਲਤਾਂ ਅਤੇ ਹੋਰ ਸਵਿਧਾਵਾ ਆਦਿ ਡੋਰ ਟੂ ਡੋਰ ਮੁਹੱਈਆ ਕਰਵਾਈਆਂ ਜਾਣੀਆਂ ਹਨ। ਇਸ ਕੰਮ ਨੂੰ ਨੇਪਰੇ ਚਾੜਨ ਲਈ ਪੰਜਾਬ ਸਰਕਾਰ ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ ਪਾਸੋਂ ਪ੍ਰਾਪਤ ਹੋਏ ਪੱਤਰ ਨੰ:16/20/2020-4115/1045 ਮਿਤੀ 25-03-2020 ਦੀ ਪਾਲਣਾ ਵਿੱਚ ਹੇਠ ਲਿਖੇ ਅਨੁਸਾਰ ਵਿਭਾਗਾਂ ਦੀ ਡਿਊਟੀ ਲਗਾਈ ਜਾਂਦੀ ਹੈ।

| ਲੜੀ ਨੰ: | ਜਿੰਮੇਵਾਰ ਅਧਿਕਾਰੀ/ਕਰਮਾਰੀ ਦਾ ਨਾਮ ਅਤੇ ਮੋਬਾਇਲ ਨੰਬਰ | ਜਰੂਰੀ ਸੇਵਾਵਾਂ | ਈ-ਮੇਲ ਆਈ.ਡੀ. ਅਤੇ ਵਟਸਐਪ ਨੰਬਰ | ਸੁਪਰਵੀਜਨ ਕਰਨ ਵਾਲੇ ਅਧਿਕਾਰੀ ਦਾ ਨਾਮ ਅਤੇ ਮੋਬਾਇਲ ਨੰਬਰ |
|---|---|---|---|---|
| 1 | ਜਿਲ੍ਹਾ ਖੁਰਾਕ ਅਤੇ ਸਿਵਲ ਸਪਲਾਈ ਕੰਟਰੋਲਰ, ਬਰਨਾਲਾ। 98884-68009 | ਕਰਿਆਨਾ/ਬੇਕਰੀ/ਦੁੱਧ/ਆਟਾ ਚੱਕੀ/ ਰਸੋਈ ਗੈਸ ਦੀਆਂ ਦੁਕਾਨਾ ਅਤੇ ਮੰਡੀ ਲੇਬਰ/ਹਾੜੀ ਸੀਜਨ 2020/ਪੈਟਰੋਲ ਪੰਪ | covid19.foodsupplybnl@gmail.com 99054-88000, 98150-67441 | ਸਹਾਇਕ ਕਮਿਸ਼ਨਰ (ਜ) ਬਰਨਾਲਾ। |
| 2 | ਜਿਲ੍ਹਾ ਮੰਡੀ ਅਫ਼ਸਰ, ਬਰਨਾਲਾ। 79737-10776 | ਆੜਤੀਆ/ਮੰਡੀਆਂ ਅਤੇ ਖ੍ਰੀਦ ਕੇਂਦਰ ਸਬਜੀਆਂ/ਫਲਾਂ ਦੀਆਂ ਰੇਹੜੀਆਂ | jaggi0020@gmail.com 98762-75076 | ਉਪ ਮੰਡਲ ਮੈਜਿਸਟਰੇਟ, ਬਰਨਾਲਾ। |
| 3 | ਮੁੱਖ ਖੇਤੀਬਾੜੀ ਅਫ਼ਸਰ, ਬਰਨਾਲਾ। 98886-28040 | ਖੇਤੀਬਾੜੀ ਨਾਲ ਸਬੰਧਤ | caobarnala@gmail.com 98786-74820 | ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਬਰਨਾਲਾ। |
| 4 | ਡਿਪਟੀ ਡਾਇਰੈਕਟਰ ਪਸ਼ੂ ਪਾਲਣ ਵਿਭਾਗ, ਬਰਨਾਲਾ। 98726-28040 | ਪੋਲਟਰੀ/ਫੀਡ/ਹਰਾ ਚਾਰਾ ਆਦਿ | ddahbarnala@gmail.com 98766-34670 | |
| 5 | ਸਿਵਲ ਸਰਜਨ ਬਰਨਾਲਾ। 98551-05496 | ਮੈਡੀਕਲ ਸਟੋਰ/ ਲੈਬੋਰੇਟਰੀਜ਼/ ਪ੍ਰਾਈਵੇਟ ਹਸਤਪਾਲ ਆਦਿ | nrhmbla1@gmail.com 95694-27222 | ਵਧੀਕ ਡਿਪਟੀ ਕਮਿਸ਼ਨਰ (ਜ) ਬਰਨਾਲਾ। |
| 6 | ਜਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ, ਬਰਨਾਲਾ। 84279-00078 | ਉਦਯੋਗ/ਉਦਯੋਗਪਤੀ/ ਉਦਯੋਗ ਲੇਬਰ ਅਦਿ<br>ਜਰੂਰਤਮੰਦ ਲੋਕਾਂ ਲਈ ਲੋੜੀਦਾ ਖਾਣ-ਪੀਣ ਦਾ ਜਰੂਰੀ ਸਮਾਨ ਮੁਫਤ ਪਹੁੰਚਦਾ ਕਰਨਗੇ। ਇਸ ਕੰਮ ਵਿੱਚ ਸ੍ਰੀ ਵਿਜੇ ਭਾਸਕਰ, ਡਿਪਟੀ ਡਾਇਰੈਕਟਰ, ਯੁਵਕ ਸੇਵਾਵਾਂ ਬਰਨਾਲਾ (97703-98703) ਅਤੇ ਸਕੱਤਰ ਰੈਡ ਕਰਾਸ ਸੋਸਾਇਟੀ ਬਰਨਾਲਾ (97800-07812) ਜਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ, ਬਰਨਾਲਾ ਦੀ ਸਹਾਇਤਾ ਕਰਨਗੇ। | ddpo.barnala@yahoo.com 98159-86592 | ------ |
| 7 | ਸਹਾਇਕ ਕਮਿਸ਼ਨਰ (ਜ) ਬਰਨਾਲਾ। 98722-64640 | ਕਿਸੇ ਵੀ ਤਰਾਂ ਦੀ ਸੰਸਥਾ/ ਬੈਂਕਾਂ ਆਦਿ (Institutional Passes) | acgbarnala@gmail.com | ------ |
| 8 | ਉਪ ਮੰਡਲ ਮੈਜਿਸਟਰੇਟ ਬਰਨਾਲਾ/ਤਪਾ। 85560-11621 | ਕਿਸੇ ਵੀ ਐਮਰਜੈਂਸੀ ਦੀ ਸੂਰਤ ਵਿੱਚ (Individual Passes) | sdmbarnala2@yahoo.com sdmbarnala2@yahoo.in | ------ |

Scanned with CamScanner

**ਵਿਭਾਗ/ਦਫ਼ਤਰਾਂ ਲਈ ਹਦਾਇਤਾਂ:-**

1. ਪਾਸ/ਪਰਮਿਟ ਸਿਰਫ਼ ਆਨਲਾਈਨ (ਈ-ਮੇਲ, ਵਟਸਐਪ ਜਾਂ ਕੋਈ ਹੋਰ ਆਨਲਾਈਨ ਤਰੀਕੇ ਨਾਲ) ਹੀ ਅਪਲਾਈ ਕਰਾਏ ਜਾਣ ਅਤੇ ਪਾਸ/ਪਰਮਿਟ ਜਾਰੀ ਕਰਨ ਤੋਂ ਬਾਅਦ 10-10 ਪ੍ਰਾਰਥੀਆਂ ਨੂੰ ਸ਼ਡਿਊਲ ਬਣਾ ਕੇ ਟੈਲੀਫੋਨ ਸੰਦੇਸ਼ ਰਾਹੀਂ ਬੁਲਾਇਆ ਜਾਵੇ ਅਤੇ ਪਾਸ/ਪਰਮਿਟ ਸਬੰਧਤ ਵਿਅਕਤੀਆਂ ਨੂੰ ਤਕਸੀਮ ਕੀਤੇ ਜਾਣ ਤਾਂ ਜੋ ਲੋਕਾਂ ਦਾ ਇਕੱਠ ਹੋਣ ਤੋਂ ਰੋਕਿਆ ਜਾ ਸਕੇ।

2 ਵਾਰ ਸਵੇਰੇ 10.00 ਵਜੇ

2. ਰੋਜਾਨਾ ਜਾਰੀ ਕੀਤੇ ਜਾਣ ਵਾਲੇ ਪਾਸ/ਪਰਮਿਟ ਸਬੰਧੀ ਸੂਚਨਾ ਸੁਪਰਵੀਜਨ ਕਰਨ ਵਾਲੇ ਅਧਿਕਾਰੀ ਨੂੰ ਰੋਜਾਨਾ ਸ਼ਾਮ 4.00 ਵਜੇ ਭੇਜਣ ਯਕੀਨੀ ਜਾਵੇ।

3. ਸੁਪਰਵੀਜਨ ਕਰਨ ਵਾਲੇ ਅਧਿਕਾਰੀ ਸਬੰਧਤ ਵਿਭਾਗਾਂ ਪਾਸੋਂ ਸੂਚਨਾ ਪ੍ਰਾਪਤ ਕਰਕੇ ਲਿਸਟਾਂ/ਰਿਪੋਰਟਾਂ ਇਸ ਦਫ਼ਤਰ ਦੀ ਈ-ਮੇਲ ਆਈ.ਡੀ. hradebnl@gmail.com ਪਰ ਦਿਨ ਵਿੱਚ 2 ਵਾਰ ਸਵੇਰੇ 10.00 ਵਜੇ ਅਤੇ ਸ਼ਾਮ 4.00 ਵਜੇ ਭੇਜੀਆਂ ਜਾਣੀਆਂ ਯਕੀਨੀ ਬਣਾਉਣਗੇ। ਇਸ ਈ-ਮੇਲ ਆਈ.ਡੀ. ਨੂੰ ਸ੍ਰੀ ਵਿੱਕੀ ਡਾਬਲਾ ਸੀਨੀਅਰ ਸਹਾਇਕ ਅਤੇ ਸ੍ਰੀ ਹਰਿੰਦਰਪਾਲ ਸਿੰਘ ਜੂਨੀਅਰ ਸਹਾਇਕ ਵਲੋਂ ਆਪਰੇਟ ਕੀਤਾ ਜਾਵੇਗਾ।

4. ਸਾਰੇ ਅਧਿਕਾਰੀ ਇਸ ਗੱਲ ਨੂੰ ਯਕੀਨੀ ਬਣਾਉਣਗੇ ਕਿ ਜਿਸ ਮੰਤਵ ਲਈ ਪਾਸ/ਪਰਮਿਟ ਜਾਰੀ ਕੀਤਾ ਜਾ ਰਿਹਾ ਹੈ ਸਿਰਫ਼ ਉਸੇ ਮੰਤਵ ਲਈ ਵਰਤਿਆ ਜਾਵੇ।

5. ਕੋਈ ਵੀ ਪਾਸ/ਪਰਮਿਟ ਦੁਕਾਨ ਆਦਿ ਖੋਲ ਕੇ ਰੱਖਣ ਲਈ ਜਾਰੀ ਨਹੀਂ ਕੀਤਾ ਜਾਵੇਗਾ ਸਿਰਫ਼ ਡੋਰ ਟੂ ਡੋਰ ਹੋਮ ਡਿਲਵਰੀ ਲਈ ਹੀ ਜਾਰੀ ਕੀਤਾ ਜਾਵੇਗਾ ਇਸਨੂੰ ਯਕੀਨੀ ਬਣਾਉਣਾ ਹਰ ਸਬੰਧਤ ਅਧਿਕਾਰੀ ਦੀ ਨਿੱਜੀ ਜਿੰਮੇਵਾਰੀ ਹੋਵੇਗੀ।

6. ਕਿਸੇ ਵੀ ਖੇਤਰ ਵਿੱਚ ਲੋੜ ਤੋ ਵੱਧ ਪਾਸ/ਪਰਮਿਟ ਜਾਰੀ ਨਾ ਕੀਤੇ ਜਾਣ।

7. ਸਮੂਹ ਅਧਿਕਾਰੀ ਇਹ ਯਕੀਨੀ ਬਣਾਉਣਗੇ ਕਿ ਕਿਸੇ ਵੀ ਕਿਸਮ ਦੇ ਸਟਾਕ ਦੀ ਘਾਟ ਨਾ ਹੋਵੇ ਜਿਸ ਕਾਰਨ ਆਮ ਪਬਲਿਕ ਨੂੰ ਕਿਸੇ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਵੇ।

8. ਸਮੂਹ ਵਿਭਾਗ ਉਹਨਾਂ ਵਲੋਂ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ/ਸਮਾਨ ਦੇ ਨਿਰਧਾਰਤ ਰੇਟ ਇਸ ਦਫ਼ਤਰ ਨੂੰ ਭੇਜਣਗੇ ਅਤੇ ਇਹ ਯਕੀਨੀ ਬਣਾਉਣਗੇ ਕਿ ਕਿਸੇ ਵੀ ਪਾਸ/ਪਰਮਿਟ ਹੋਲਡਰ ਵਲੋਂ ਨਿਰਧਾਰਿਤ ਰੇਟ ਤੋਂ ਵੱਧ ਕੀਮਤ ਪਰ ਸਮਾਨ ਨਾ ਵੇਚਿਆ ਜਾਵੇ।

ਇਹ ਹੁਕਮ ਤੁਰੰਤ ਲਾਗੂ ਕੀਤੇ ਜਾਣਗੇ।

ਡਿਪਟੀ ਕਮਿਸ਼ਨਰ
ਬਰਨਾਲਾ।

ਪਿੱਠ ਅੰਕਣ ਨੰ:6142-56/ਐਮ.ਏ. ਮਿਤੀ 26/03/2020

ਇਸਦਾ ਇੱਕ ਉਤਾਰਾ:-

1. ਸੀਨੀਅਰ ਪੁਲਿਸ ਕਪਤਾਨ, ਬਰਨਾਲਾ
2. ਵਧੀਕ ਡਿਪਟੀ ਕਮਿਸ਼ਨਰ (ਜ) ਬਰਨਾਲਾ,
3. ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਬਰਨਾਲਾ
4. ਉਪ ਮੰਡਲ ਮੈਜਿਸਟਰੇਟ, ਬਰਨਾਲਾ/ਤਪਾ,
5. ਸਿਵਲ ਸਰਜਨ, ਬਰਨਾਲਾ।
6. ਜਿਲ੍ਹਾ ਖੁਰਾਕ ਅਤੇ ਸਿਵਲ ਸਪਲਾਈਜ ਕੰਟਰੋਲਰ, ਬਰਨਾਲਾ,
7. ਜਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ, ਬਰਨਾਲਾ,
8. ਮੁੱਖ ਖੇਤੀਬਾੜੀ ਅਫ਼ਸਰ, ਬਰਨਾਲਾ,
9. ਜੀ.ਐਮ. ਡੀ.ਆਈ.ਸੀ. ਬਰਨਾਲਾ ਐਟ ਮਲੇਰਕੋਟਲਾ,
10. ਲੀਡ ਬੈਂਕ ਮੈਨੇਜਰ, ਬਰਨਾਲਾ,
11. ਜਿਲ੍ਹਾ ਮੰਡੀ ਅਫ਼ਸਰ, ਬਰਨਾਲਾ,
12. ਸਹਾਇਕ ਕਮਿਸ਼ਨਰ (ਜ) ਬਰਨਾਲਾ,
13. ਡਿਪਟੀ ਡਾਇਰੈਕਟਰ, ਯੁਵਕ ਸੇਵਾਵਾਂ ਬਰਨਾਲਾ
14. ਸਕੱਤਰ ਰੈਡ ਕਰਾਸ ਸੋਸਾਇਟੀ, ਬਰਨਾਲਾ।

ਡਿਪਟੀ ਕਮਿਸ਼ਨਰ,
ਬਰਨਾਲਾ।

Scanned with CamScanner